# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੋਸਾਇਟੀ

**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜ਼ਿਲ ਸੈਕਟਰ 34-ਏ, ਚੰਡੀਗੜ੍ਹ**
(Phone no) 0172-2621104, 2621106, 2623207, 2663104, (fax) 0172-2623206, 2624687

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਪੰਜਾਬ ।

ਮੀਮੋ ਨੰ 4/13-ਆਈ.ਸੀ.ਟੀ/2008-09/ਮਿਸ:/74456-475
ਮਿਤੀ ਚੰਡੀਗੜ੍ਹ: 30-10-09

**ਵਿਸ਼ਾ:- ਕੰਪਿਊਟਰ ਟੀਚਰ/ਫੈਕਲਟੀ ਦੀਆ ਤਨਖਾਹਾਂ ਦੀ ਅਦਾਇਗੀ ਬਾਰੇ ।**

ਮੌਜੂਦਾ ਪ੍ਰਣਾਲੀ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ:ਸਿ:) ਵੱਲੋਂ ਕੰਪਿਊਟਰ ਟੀਚਰ/ਫੈਕਲਟੀ ਦੀ ਤਨਖਾਹ ਸਬੰਧੀ ਫੰਡਜ਼ ਮਹੀਨੇ ਦੇ ਆਖਰੀ ਹਫਤੇ ਵਿੱਚ ਮੰਗੇ ਜਾਂਦੇ ਹਨ । ਮੁੱਖ ਦਫਤਰ ਵਿੱਚ ਜ਼ਿਲ੍ਹਿਆਂ ਤੋਂ ਭੇਜੀ ਗਈ ਮੰਗ ਨੂੰ ਵਿਚਾਰਣ ਉਪਰੰਤ ਲੋੜੀਂਦੇ ਫੰਡਜ਼ ਜ਼ਿਲ੍ਹਿਆਂ ਨੂੰ ਅਗਲੇ ਮਹੀਨੇ ਦੇ ਪਹਿਲੇ ਜਾਂ ਦਸੂਰੇ ਹਫਤੇ ਵਿੱਚ ਮੁਹੱਈਆ ਕੀਤੇ ਜਾਂਦੇ ਹਨ ।

ਜ਼ਿਲ੍ਹਿਆ ਵੱਲੋਂ ਕੰਪਿਊਟਰ ਟੀਚਰ/ਫੈਕਲਟੀ ਦੀਆਂ ਤਨਖਾਹਾਂ ਸਬੰਧੀ ਮੁੱਖ ਦਫਤਰ ਤੋਂ ਪ੍ਰਾਪਤ ਫੰਡਜ਼, ਸਕੂਲਾਂ ਤੋਂ ਅਧਿਆਪਕਾਂ ਦੀਆਂ ਹਾਜਰੀ ਰਿਪੋਰਟਾਂ ਪ੍ਰਾਪਤ ਹੋਣ ਤੇ ਹੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਏ ਜਾਂਦੇ ਹਨ ਅਤੇ ਇਸ ਤਰ੍ਹਾਂ ਕਰਨ ਨਾਲ ਅਧਿਆਪਕਾਂ ਨੂੰ ਤਨਖਾਹ ਦੀ ਅਦਾਇਗੀ ਕਰਨ ਵਿੱਚ ਕਾਫੀ ਦੇਰੀ ਹੋ ਜਾਂਦੀ ਹੈ ।ਅਧਿਆਪਕਾਂ ਦੀ ਵਿੱਤੀ ਔਕੜਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਕੀਤਾ ਗਿਆ ਹੈ ਕਿ:-

(ੳ) ਮੁੱਖ ਦਫਤਰ ਵੱਲੋਂ ਪਿਛਲੀ ਤਿਮਾਹੀ ਦੋਰਾਨ ਹੋਏ ਖਰਚੇ ਦੇ ਅਧਾਰ ਤੇ ਕੰਪਿਊਟਰ ਟੀਚਰ/ਫੈਕਲਟੀ ਦੀਆਂ ਤਨਖਾਹਾਂ ਵਾਸਤੇ ਅਗਲੇ ਤਿੰਨ ਮਹੀਨਿਆ ਦੀ ਤਨਖਾਹ ਦੇ ਫੰਡਜ਼ ਤਿਮਾਹੀ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਮੁੱਹਈਆ ਕੀਤੇ ਜਾਣਗੇ ।

(ਅ) ਸਕੂਲਾਂ ਦੇ ਮੁੱਖ ਅਧਿਆਪਕ, ਕੰਪਿਊਟਰ ਟੀਚਰ/ਫੈਕਲਟੀ ਦੀ ਹਾਜ਼ਰੀ ਰਿਪੋਰਟ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਈ-ਮੇਲ ਰਾਹੀਂ ਪੀ.ਡੀ.ਐੱਸ ਫਾਰਮੈਟ ਤੇ ਭੇਜਣਗੇ ਜਿਸ ਦੀ ਪੁਸ਼ਟੀ ਲਈ ਲਿਖਤੀ ਜਾਣਕਾਰੀ ਡਾਕ ਰਾਹੀਂ ਉਸ ਦੇ ਨਾਲ ਹੀ ਉਹਨਾਂ ਵੱਲੋਂ ਭੇਜੀ ਜਾਵੇਗੀ ।

(ੲ) ਜ਼ਿਲ੍ਹਾ ਸਿੱਖਿਆ ਅਫਸਰ ਮੁੱਖ ਅਧਿਆਪਕਾਂ ਵੱਲੋਂ ਪ੍ਰਾਪਤ ਹੋਈ ਹਾਜ਼ਰੀ ਰਿਪੋਰਟ ਦੇ ਅਧਾਰ ਤੇ ਅਧਿਆਪਕਾਂ ਦੀਆਂ ਤਨਖਾਹਾਂ ਉਹਨਾਂ ਦੇ ਖਾਤਿਆ ਵਿੱਚ ਹਰ ਹਾਲਤ ਵਿੱਚ ਹਰ ਮਹੀਨੇ ਦੀ ਤਿੰਨ ਤਰੀਕ ਤੱਕ ਜਮ੍ਹਾਂ ਕਰਵਾਉਣਗੇ ਅਤੇ ਹਰ ਹਾਲਤ ਵਿੱਚ ਇਹ ਕਾਰਵਾਈ ਪੰਜ ਤਰੀਕ ਤੱਕ

ਪੂਰੀ ਕਰਨੀ ਯਕੀਨੀ ਬਣਾਉਣਗੇ । ਇਸ ਦੀ ਸੂਚਨਾ ਈ-ਮੇਲ ਰਾਹੀਂ ਸੰਬਧਤ ਮੁੱਖ ਅਧਿਆਪਕ ਨੂੰ ਦੇਣਗੇ ਤਾਂਕਿ ਉਹ ਸਬੰਧਤ ਅਧਿਆਪਕਾਂ ਨੂੰ ਸੂਚਿਤ ਕਰ ਸਕਣ ।

(ਸ) ਤਨਖਾਹਾਂ ਦੀ ਅਦਾਇਗੀ ਤੇ ਹਰ ਮਹੀਨੇ ਆਇਆ ਖਰਚਾ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਮੁੱਖ ਦਫਤਰ ਨੂੰ ਹਰ ਮਹੀਨੇ ਦੀ ਸੱਤ ਤਰੀਕ ਤੱਕ ਦੱਸਿਆ ਜਾਵੇਗਾ ਤਾਂ ਕਿ ਅਗਲੀ ਤਿਮਾਹੀ ਵਾਸਤੇ ਫੰਡਜ਼ ਮੁੱਹਈਆ ਕਰਨ ਵੇਲੇ ਵਾਧੇ ਘਾਟੇ ਦੀ ਐਡਜਸਟਮੈਂਟ ਕੀਤੀ ਜਾ ਸਕੇ ।

(ਹ) ਕਰਮਚਾਰੀਆ ਦਾ ਈ.ਪੀ.ਐੱਫ ਦਾ ਸਬਸਕ੍ਰੀਪਸ਼ਨ ਨਿਸ਼ਚਿਤ ਸਮੇਂ ਅੰਦਰ ਸਬੰਧਤ ਅਥਾਰਟੀ ਕੋਲ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਜੇ ਇਸ ਵਿੱਚ ਕੋਈ ਕੁਤਾਹੀ ਕਰਨ ਕਾਰਨ ਦੰਡਤ ਵਿਆਜ ਦੇਣਾ ਪਿਆ ਤਾਂ ਉਹ ਸਬੰਧਤ ਕਰਮਚਾਰੀ/ਅਧਿਕਾਰੀ ਦੀ ਨਿੱਜੀ ਜਿਮੇਵਾਰੀ ਹੋਵੇਗੀ ।

(ਕ) ਇਹ ਹਦਾਇਤਾਂ ਸਾਰੇ ਸਬੰਧਤਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਪਹੁੰਚ ਰਸੀਦ ਭੇਜੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**